clydebank housing association

**Homelessness Information in Punjabi**

Homelessness

## ਬੇ ਘਰਾਪਣ

(ਹੋਮਲੇਸਸਨੇਸਸ)

What is homelessness?
You can be homeless because you have no home of your own to live in. For example, you might be living temporarily with family or friends. You can also be considered homeless if your house is insecure or unsafe to live in. You might be living in overcrowded or damp accommodation, or living somewhere you are at risk of violence.

## ਬੇ ਘਰੇਪਣ ਤੋਂ ਕੀ ਭਾਵ ਹੈ ?

ਜੇ ਤੁਹਾਡੇ ਕੋਲ ਰਹਿਣ ਲਈ ਅਪਣਾਂ ਘਰ ਨਹੀਂ ਤਾਂ ਬੇਘਰਿਆਂ ਦੀ ਪਰਿਭਾਸ਼ਾ ਵਿਚ ਆ ਸਕਦੇ ਹੋ। ਉਧਾਰਣ ਵਜੋਂ, ਤੁਸੀਂ ਅਸਥਾਈ ਰੂਪ ਵਿਚ ਆਪਣੇ ਪਰਵਾਰ ਦੇ ਕਿਸੇ ਵਿਅਕਤੀ ਜਾਂ ਦੋਸਤਾਂ ਨਾਲ ਰਹਿ ਰਹੇ ਹੋ ਅਤੇ ਜੇ ਤੁਹਾਡਾ ਘਰ ਤਸੱਲੀ ਬਖਸ਼ ਨਹੀਂ ਜਾਂ ਅਸੁਰੱਖਿਅਤ ਹੈ, ਤੁਹਾਡੇ ਘਰ ਵਿਚ ਥਾਂ ਨਾਲੋਂ ਵੱਧ ਜੀਅ ਰਹਿੰਦੇ ਹਨ, ਘਰ ਵਿਚ ਸਲਾਭਾ ਹੈ ਜਾਂ ਜਿਥੇ ਹਿੰਸਾ ਦਾ ਖਤਰਾ ਹੋਵੇ, ਇਨ੍ਹਾਂ ਸਾਰੀਆਂ ਸਥਿਤੀਆਂ ਵਿਚ ਤੁਸੀਂ ਬੇਘਰਿਆਂ ਦੀ ਪਰਿਭਾਸ਼ਾ ਵਿਚ ਆ ਸਕਦੇ ਹੋ।

Where to go for help
Go to your local council, explain your situation, and ask for help. They will give you free and confidential advice and will be able to help you apply for a place to live. They will also have a list of contacts you may find useful in solving your problems.

Once you have given them your details, the council will assess whether you are considered homeless or not. Among other things, they will check whether you left your previous home intentionally (by choice) or not. It is then up to them to decide whether or not you are defined as homeless.

clydebank housing association

**Homelessness Information in Punjabi**

## ਸਹਾਇਤਾ ਲਈ ਕਿਥੇ ਜਾਈਏ ?

ਅਪਣੀ ਲੋਕਲ ਕੌਂਸਲ ਕੋਲ ਜਾਵੋ, ਉਨ੍ਹਾਂ ਨੂੰ ਅਪਣੀ ਸਥਿਤੀ ਬਾਰੇ ਦਸੋ ਅਤੇ ਸਹਾਇਤਾ ਦੀ ਮੰਗ ਕਰੋ। ਉਹ ਤੁਹਾਨੂੰ ਮੁਫਤ ਅਤੇ ਗੁਪਤ ਸਲਾਹ ਦੇਣਗੇ ਅਤੇ ਰਹਾਇਸ਼ ਲਈ ਅਰਜ਼ੀ ਦੇਣ ਵਿਚ ਤੁਹਾਡੀ ਸਹਾਇਤਾ ਕਰਨਗੇ। ਉਨ੍ਹਾਂ ਕੋਲ ਲੋੜੀਂਦੇ ਸੰਪਰਕਾਂ ਦੀ ਸੂਚੀ ਹੁੰਦੀ ਜਿਸ ਦੀ ਸਹਾਇਤਾ ਨਾਲ ਉਹ ਤੁਹਾਡੀ ਸਮੱਸਿਆ ਹੱਲ ਕਰਨ ਲਈ ਸਹਾਇਤਾ ਕਰ ਸਕਣਗੇ।

ਜਦੋਂ ਤੁਸੀ ਕੌਂਸਲ ਨੂੰ ਅਪਣੇ ਵਾਰੇ ਲੋੜੀਂਦੀ ਜਾਣਕਾਰੀ ਦੇ ਦਿਓ ਗੇ ਤਾਂ ਉਹ ਇਹ ਤਹਿ ਕਰਨਗੇ ਕਿ ਤੁਸੀਂ ਬੇਘਰਿਆਂ ਦੀ ਪਰਿਭਾਸ਼ਾ ਵਿਚ ਆਉਂਦੇ ਹੋ ਜਾਂ ਨਹੀਂ, ਇਸ ਦੇ ਨਾਲ ਹੀ ਉਹ ਇਹ ਭੀ ਪਤਾ ਕਰਨਾਂ ਚਾਹੁਣਗੇ ਕਿ ਤੁਹਾਨੇ ਅਪਣਾਂ ਪਹਿਲਾ ਘਰ ਅਪਣੀ ਇਛਾ ਨਾਲ ਛਡਿਆ ਸੀ ਜਾਂ ਨਹੀਂ, ਫਿਰ ਇਹ ਉਨ੍ਹਾਂ ਦੀ ਮਰਜ਼ੀ ਹੈ ਕਿ ਉਹ ਤੁਹਾਨੂੰ ਬੇਘਰਾ ਸਥਾਪਤ ਕਰਨ ਜਾਂ ਨਹੀਂ।

How will they help?
If you are assessed as being homeless or at risk of homelessness, the council will treat you as being in priority need and they must legally provide you with temporary accommodation. They will then add your name to their waiting list for permanent accommodation. Do not hesitate to ask for help if you are in trouble and need assistance in finding somewhere to live.

## ਉਹ ਕਿਸਤਰਾਂ ਸਹਾਇਤਾ ਕਰਨਗੇ ?

ਜੇ ਤੁਈਂ ਕੌਂਸਲ ਵੱਲੋਂ ਬੇਘਰੇ ਮਿਥੇ ਜਾਂਦੇ ਹੋ ਜਾਂ ਜੇ ਤੁਹਾਨੂੰ ਬੇਘਰ ਹੋਣ ਦਾ ਡਰ ਹੈ ਤਾਂ ਕੌਂਸਲ ਤੁਹਾਡੀ ਲੋੜ ਨੂੰ ਪ੍ਰਥਮਤਾ ਦੇਵੇਗੀ ਅਤੇ ਕਾਨੂੰਨ ਅਧੀਨ ਉਸਨੂੰ ਤੁਹਾਡੇ ਲਈ ਅਸਥਾਈ ਰਹਾਇਸ਼ ਦਾ ਪ੍ਰਬੰਧ ਕਰਨਾਂ ਪਵੇਗਾ। ਫਿਰ ਉਹ ਤੁਹਾਡਾ ਨਾਂਓ ਸਥਾਈ ਰਹਾਇਸ਼ ਲਈ ਇੰਤਜ਼ਾਰ ਸੂਚੀ ਵਿਚ ਪਾ ਦੇਵੇਗੀ ਜੇ ਤੁਹਾਨੂੰ ਰਹਾਇਸ਼ ਸਬੰਧੀ ਕੋਈ ਔਖ ਹੈ ਅਤੇ ਤੁਹਾਨੂੰ ਸਹਾਇਤਾ ਦੀ ਲੋੜ ਹੈ ਤਾਂ ਸਹਾਇਤਾ ਮੰਗਣ ਤੋਂ ਬਿਲਕੁਲ ਨਾਂ ਝਿਜਕੋ।